# Telephone conversation between Prime Minister and Prime Minister of Thailand

May 01, 2020

……………………………………………………………………………………

## ਪ੍ਰਧਾਨ ਮੰਤਰੀ ਅਤੇ ਥਾਈਲੈਂਡ ਦੇ ਪ੍ਰਧਾਨ ਮੰਤਰੀ ਦਰਮਿਆਨ ਹੋਈ ਟੈਲੀਫੋਨ 'ਤੇ ਗੱਲਬਾਤ

1 ਮਈ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਥਾਈਲੈਂਡ ਦੇ ਪ੍ਰਧਾਨ ਮੰਤਰੀ ਮਹਾਮਹਿਮ ਜਨਰਲ (ਰਿਟਾ.) ਪ੍ਰਯੁਤ ਚੈਨ-ਓ-ਚਾ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਨੇ ASEAN ਅਤੇ ਸਬੰਧਤ ਸ਼ਿਖਰ ਸੰਮੇਲਨਾਂ ਵਿੱਚ ਸ਼ਾਮਲ ਹੋਣ ਲਈ ਨਵੰਬਰ 2019 ਵਿਚ ਕੀਤੀ ਆਪਣੀ ਬੈਂਕਾਕ ਯਾਤਰਾ ਨੂੰ ਨਿੱਘੇ ਤਰੀਕੇ ਨਾਲ ਯਾਦ ਕੀਤਾ ਅਤੇ ਥਾਈਲੈਂਡ ਦੇ ਸ਼ਾਹੀ ਪਰਿਵਾਰ ਦੇ ਮੈਂਬਰਾਂ ਅਤੇ ਥਾਈ ਲੋਕਾਂ ਨੂੰ ਆਪਣੀਆਂ ਸ਼ੁਭ ਕਾਮਨਾਵਾਂ ਦਿੱਤੀਆਂ।

ਦੋਨਾਂ ਆਗੂਆਂ ਨੇ COVID -19 ਮਹਾਂਮਾਰੀ ਨਾਲ ਨਜਿੱਠਣ ਲਈ ਆਪੋ ਆਪਣੇ ਦੇਸ਼ਾਂ ਵਿੱਚ ਚੁੱਕੇ ਜਾ ਰਹੇ ਕਦਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਪ੍ਰਧਾਨ ਮੰਤਰੀ ਨੇ ਮਹਾਂਮਾਰੀ ਨਾਲ ਕਾਰਗਰ ਤਰੀਕੇ ਢੰਗ ਨਾਲ ਨਜਿੱਠਣ ਲਈ ਖੇਤਰੀ ਅਤੇ ਕੌਮਾਂਤਰੀ ਭਾਈਵਾਲੀ ਦੀ ਮਹੱਤਤਾ ਬਾਰੇ ਗੱਲ ਕੀਤੀ। ਉਨ੍ਹਾਂ ਨੇ ਥਾਈਲੈਂਡ ਦੇ ਪ੍ਰਧਾਨ ਮੰਤਰੀ ਨੂੰ ਥਾਈਲੈਂਡ ਦੀਆਂ ਦਵਾਈਆਂ ਸੰਬੰਧੀ ਲੋੜਾਂ ਦੇ ਮਾਮਲੇ 'ਚ ਇਸਦੀ ਮਦਦ ਕਰਨ ਪ੍ਰਤੀ ਭਾਰਤ ਦੀ ਵਚਨਬੱਧਤਾ ਦਾ ਭਰੋਸਾ ਦਿੱਤਾ।

ਦੋਨਾਂ ਆਗੂਆਂ ਨੇ ਦੋਵਾਂ ਦੇਸ਼ਾਂ ਦੇ ਖੋਜਕਰਤਾਵਾਂ, ਵਿਗਿਆਨੀਆਂ ਅਤੇ ਇਨੋਵੇਟਰਾਂ ਵਿਚਾਲੇ ਵਧੇਰੇ ਸਹਿਯੋਗ ਦੀ ਲੋੜ ਉੱਤੇ ਸਹਿਮਤੀ ਦਿੱਤੀ।

ਦੋਨਾਂ ਆਗੂਆਂ ਨੇ ਇੱਕ ਦੂਜੇ ਦੇ ਖੇਤਰ ਵਿਚ ਮੌਜੂਦ ਆਪਣੇ ਨਾਗਰਿਕਾਂ ਨੂੰ ਮਿਲ ਰਹੀ ਮਦਦ ਦੀ ਸ਼ਲਾਘਾ ਕੀਤੀ ਅਤੇ ਅਜਿਹੀ ਸਹਾਇਤਾ ਅੱਗੇ ਵੀ ਜਾਰੀ ਰੱਖਣ ਦਾ ਵਾਅਦਾ ਕੀਤਾ।

ਭਾਰਤ ਨਾਲ ਪੁਰਾਣੇ ਸਜਾਤੀ ਅਤੇ ਸਭਿਆਚਾਰਕ ਸੰਬੰਧਾਂ ਵਾਲਾ ਥਾਈਲੈਂਡ ਭਾਰਤ ਦੇ ਵਿਸਥਾਰਿਤ ਗੁਆਂਢ ਵਿੱਚ ਇਸਦਾ ਮਹੱਤਵਪੂਰਣ ਸਮੁੰਦਰੀ ਭਾਈਵਾਲ ਹੈ।

ਨਵੀਂ ਦਿੱਲੀ
1 ਮਈ, 2020

DISCLAIMER: This is an approximate translation. The original is available in English on MEA's website and may be referred to as the official press release.